National Research Journal of Social Sciences
Volume-11, Issue-1, January-June 2026
PP: 258-261

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਰਾਜਨੀਤਿਕ ਕਾਰਨ: ਇਤਿਹਾਸਿਕ ਵਿਸ਼ਲੇਸ਼ਣ

**ਸ਼ਰਨਪ੍ਰੀਤ ਕੌਰ**

ਅਸਿਸਟੈਂਟ ਪ੍ਰੋਫੈਸਰ

ਇਤਹਾਸ ਵਿਭਾਗ, ਸਰਕਾਰੀ ਕਾਲਜ ਅਜਨਾਲਾ, ਅੰਮ੍ਰਿਤਸਰ

**ਆਬਸਟ੍ਰੈਕਟ**

ਇਤਿਹਾਸਕ ਤੱਥਾਂ ਦੀ ਡੂੰਘਾਈ ਨਾਲ ਪੜਚੋਲ ਕਰਨ 'ਤੇ ਇਹ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਮਾਲਵਾ ਅਤੇ ਬਾਂਗਰ ਦੇ ਖੇਤਰਾਂ ਵਿੱਚ ਕੀਤੇ ਗਏ ਪ੍ਰਚਾਰ ਦੌਰਿਆਂ ਨੇ ਆਮ ਜਨਤਾ ਵਿੱਚ ਇੱਕ ਨਵੀਂ ਚੇਤਨਾ ਪੈਦਾ ਕੀਤੀ ਸੀ। ਮੁਗਲ ਹਕੂਮਤ ਨੇ ਇਸ ਜਾਗ੍ਰਿਤੀ ਨੂੰ ਆਪਣੀ ਸੱਤਾ ਲਈ ਇੱਕ ਪ੍ਰਤੱਖ ਅਤੇ ਗੰਭੀਰ ਖਤਰੇ ਵਜੋਂ ਦੇਖਿਆ। ਇਹ ਗਤੀਵਿਧੀਆਂ ਕੇਵਲ ਧਾਰਮਿਕ ਉਪਦੇਸ਼ਾਂ ਤੱਕ ਹੀ ਸੀਮਤ ਨਹੀਂ ਸਨ, ਸਗੋਂ ਇਨ੍ਹਾਂ ਨੇ ਲੋਕਾਂ ਦੇ ਮਨਾਂ ਵਿੱਚ ਨਿਰਭੈਤਾ ਅਤੇ ਸਵੈ-ਮਾਣ ਦੀ ਭਾਵਨਾ ਨੂੰ ਵੀ ਜਾਗ੍ਰਿਤ ਕੀਤਾ। ਸਮਕਾਲੀ ਫਾਰਸੀ ਸਰੋਤਾਂ ਅਤੇ ਇਤਿਹਾਸਕ ਗਵਾਹੀਆਂ ਦੇ ਅਧਾਰ 'ਤੇ ਇਹ ਅਧਿਐਨ ਸਥਾਪਿਤ ਕਰਦਾ ਹੈ ਕਿ ਔਰੰਗਜ਼ੇਬ ਦੁਆਰਾ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫੈਸਲਾ, ਅਸਲ ਵਿੱਚ, ਰਾਜਨੀਤਿਕ ਅਸੁਰੱਖਿਆ ਦੀ ਭਾਵਨਾ ਅਤੇ ਆਪਣੀਆਂ ਸਾਮਰਾਜਵਾਦੀ ਨੀਤੀਆਂ ਨੂੰ ਬਰਕਰਾਰ ਰੱਖਣ ਦੀ ਮਨਸ਼ਾ ਤੋਂ ਪ੍ਰੇਰਿਤ ਸੀ। ਬਾਦਸ਼ਾਹ ਨੂੰ ਇਹ ਡਰ ਸੀ ਕਿ ਗੁਰੂ ਸਾਹਿਬ ਦਾ ਵਧ ਰਿਹਾ ਪ੍ਰਭਾਵ ਭਵਿੱਖ ਵਿੱਚ ਉਸਦੇ ਤਖਤ ਲਈ ਸੰਕਟ ਖੜ੍ਹਾ ਕਰ ਸਕਦਾ ਹੈ।

ਇਹ ਖੋਜ ਪੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ ਪਿਛੋਕੜ ਵਿੱਚ ਕਾਰਜਸ਼ੀਲ ਰਾਜਨੀਤਿਕ ਗਤੀਵਿਧੀਆਂ ਅਤੇ ਕਾਰਨਾਂ ਦਾ ਗੰਭੀਰ ਮੁਲਾਂਕਣ ਕਰਦਾ ਹੈ। ਭਾਵੇਂ ਆਮ ਤੌਰ 'ਤੇ ਇਸ ਸ਼ਹਾਦਤ ਨੂੰ ਸਿਰਫ਼ ਧਾਰਮਿਕ ਕੱਟੜਤਾ ਦੇ ਨਤੀਜੇ ਵਜੋਂ ਦੇਖਿਆ ਜਾਂਦਾ ਹੈ, ਪਰ ਇਹ ਖੋਜ ਸਿੱਧ ਕਰਦੀ ਹੈ ਕਿ ਤਤਕਾਲੀਨ ਮੁਗਲ ਬਾਦਸ਼ਾਹ ਔਰੰਗਜ਼ੇਬ ਲਈ ਗੁਰੂ ਸਾਹਿਬ ਦੀ ਵਧਦੀ ਹੋਈ ਲੋਕਪ੍ਰਿਅਤਾ ਅਤੇ ਸਮਾਜਿਕ ਪ੍ਰਭਾਵ ਇੱਕ ਗੰਭੀਰ ਰਾਜਨੀਤਿਕ ਚੁਣੌਤੀ ਬਣ ਚੁੱਕੇ ਸਨ।

Keywords: ਗੁਰੂ ਤੇਗ ਬਹਾਦਰ, ਰਾਜਨੀਤਿਕ ਕਾਰਨ, ਰਾਜ ਦੇ ਅੰਦਰ ਰਾਜ, ਸੱਚਾ ਪਾਤਸ਼ਾਹ, ਝੂਠਾ ਪਾਤਸ਼ਾਹ, ਕਸ਼ਮੀਰੀ ਪੰਡਤ, ਸ੍ਰਿਸ਼ਟਿ ਦੀ ਚਾਦਰ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਜੋ ਕਿ ਨਵੰਬਰ 1675 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿਖੇ ਹੋਈ, ਦੱਖਣੀ ਏਸ਼ੀਆ ਦੇ ਇਤਿਹਾਸ ਵਿੱਚ ਇੱਕ ਨਿਰਣਾਇਕ ਮੋੜ ਸਿੱਧ ਹੋਈ। ਇਸ ਘਟਨਾ ਨੇ ਮੁਗਲ ਰਾਜ ਅਤੇ ਸਿੱਖ ਪੰਥ ਵਿਚਕਾਰ ਚੱਲ ਰਹੇ ਤਣਾਅ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਅਤੇ ਖਾਲਸੇ ਦੀ ਸਿਰਜਣਾ ਲਈ ਰਾਹ ਪੱਧਰਾ ਕੀਤਾ। ਜੀ. ਆਰ. ਐਲਟਨ ਆਪਣੀ ਪੁਸਤਕ *The Practice of History* ਵਿੱਚ ਲਿਖਦੇ ਹਨ ਕਿ ਇਤਿਹਾਸਕਾਰ ਦਾ ਕੰਮ ਸਬੂਤਾਂ ਦੀ ਪੁੱਛਗਿੱਛ ਕਰਨਾ ਹੈ ਤਾਂ ਜੋ ਸੱਚਾਈ ਤੱਕ ਪਹੁੰਚਿਆ ਜਾ ਸਕੇ, ਨਾ ਕਿ ਸਿਰਫ ਦਰਬਾਰੀ ਰਿਕਾਰਡਾਂ ਨੂੰ ਦੁਹਰਾਉਣਾ।[1] ਗੁਰੂ ਸਾਹਿਬ ਦੀ ਸ਼ਹਾਦਤ ਦੇ ਸੰਦਰਭ ਵਿੱਚ, ਇਹ ਕਾਰਜ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ ਕਿਉਂਕਿ ਸਾਡੇ ਕੋਲ ਦੋ ਵਿਰੋਧੀ ਬਿਰਤਾਂਤ ਮੌਜੂਦ ਹਨ: ਇੱਕ ਪਾਸੇ ਮੁਗਲ ਦਰਬਾਰੀ ਇਤਿਹਾਸਕਾਰਾਂ ਦਾ ਬਿਰਤਾਂਤ ਹੈ ਜੋ ਗੁਰੂ ਸਾਹਿਬ ਨੂੰ ਰਾਜ ਦੇ ਬਾਗੀ ਅਤੇ ਅਮਨ-ਕਾਨੂੰਨ ਲਈ ਖਤਰੇ ਵਜੋਂ ਪੇਸ਼ ਕਰਦਾ ਹੈ, ਅਤੇ ਦੂਜੇ ਪਾਸੇ ਸਿੱਖ ਰਵਾਇਤਾਂ ਅਤੇ ਸਮਕਾਲੀ ਭੱਟ ਵਹੀਆਂ ਹਨ ਜੋ ਉਹਨਾਂ ਨੂੰ ਧਰਮ ਦੀ ਚਾਦਰ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਦਰਸਾਉਂਦੀਆਂ ਹਨ।

ਇਹਨਾਂ ਵਿਰੋਧੀ ਬਿਰਤਾਂਤਾਂ ਦਾ ਵਿਸ਼ਲੇਸ਼ਣ ਕਰਕੇ ਇਹ ਸਮਝਣਾ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਔਰੰਗਜ਼ੇਬ ਦਾ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫੈਸਲਾ ਕੇਵਲ ਧਾਰਮਿਕ ਕੱਟੜਤਾ ਸੀ, ਜਾਂ ਇਸਦੇ ਪਿੱਛੇ ਡੂੰਘੇ ਰਾਜਨੀਤਿਕ ਕਾਰਨ ਸਨ? ਸਰਦਾਰ ਕਪੂਰ ਸਿੰਘ ਆਪਣੇ ਲੇਖ *Me Judice* ਵਿੱਚ ਸਹੀ ਹੀ ਫਰਮਾਉਂਦੇ ਹਨ ਕਿ ਇਤਿਹਾਸ ਅਕਸਰ ਸਥਾਪਤ ਸੱਤਾ ਅਤੇ ਬਾਗੀ ਵਿਚਾਰਾਂ ਦੇ ਸੰਘਰਸ਼ ਦੀ ਉਪਜ ਹੁੰਦਾ ਹੈ।[2] ਇਸ ਲਈ, ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਝਣ ਲਈ ਸਾਨੂੰ ਉਸ ਸਮੇਂ ਦੇ ਰਾਜਨੀਤਿਕ ਮਾਹੌਲ, ਖਾਸ ਕਰਕੇ ਔਰੰਗਜ਼ੇਬ ਦੀ ਸੰਕਟਮਈ ਸਾਮਰਾਜ ਦੀ ਸਥਿਤੀ ਨੂੰ ਸਮਝਣਾ ਪਵੇਗਾ।

ਗੁਰੂ ਸਾਹਿਬ ਦੀ ਸ਼ਹਾਦਤ ਦਾ ਅਧਿਐਨ ਕਰਨ ਲਈ ਤਿੰਨ ਪ੍ਰਕਾਰ ਦੇ ਸਾਹਿਤਿਕ ਸਰੋਤਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਪਹਿਲੀ ਸ਼੍ਰੇਣੀ ਵਿੱਚ 'ਮਾਸਿਰ-ਏ-ਆਲਮਗੀਰੀ' ਅਤੇ 'ਸਿਯਾਰ-ਉਲ-ਮੁਤਾਖਰੀਨ' ਵਰਗੇ ਸਮਕਾਲੀ ਫਾਰਸੀ ਸਰੋਤ ਸ਼ਾਮਲ ਹਨ, ਜੋ ਮੁਗਲ ਦਰਬਾਰੀ ਨਜ਼ਰੀਏ ਅਤੇ ਬਸਤੀਵਾਦੀ ਧਾਰਨਾਵਾਂ ਨੂੰ ਪੇਸ਼ ਕਰਦੇ ਹਨ, ਹਾਲਾਂਕਿ ਇਹਨਾਂ ਵਿੱਚ ਪੱਖਪਾਤ ਦੀ ਪੜਤਾਲ ਜ਼ਰੂਰੀ ਹੈ। ਦੂਜੀ ਸ਼੍ਰੇਣੀ ਪ੍ਰਮਾਣਿਕ ਸਿੱਖ ਸਾਹਿਤ ਅਤੇ ਭੱਟ ਵਹੀਆਂ 'ਤੇ ਕੇਂਦ੍ਰਿਤ ਹੈ; ਜਿਸ ਵਿੱਚ ਬਚਿੱਤਰ ਨਾਟਕ ਸ਼ਹਾਦਤ ਦੇ ਅਧਿਆਤਮਿਕ ਪੱਖ ਨੂੰ ਅਤੇ ਭੱਟ ਵਹੀਆਂ ਘਟਨਾਵਾਂ ਦੀਆਂ ਸਟੀਕ ਤਰੀਕਾਂ ਨੂੰ ਉਜਾਗਰ ਕਰਦੀਆਂ ਹਨ ਜਿਵੇਂ ਕਿ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਮਿਤੀ ਅਤੇ ਸਥਾਨ। ਤੀਜੀ ਸ਼੍ਰੇਣੀ ਆਧੁਨਿਕ ਇਤਿਹਾਸਕ ਖੋਜ ਦੀ ਹੈ, ਜਿਸ ਵਿੱਚ ਇਰਫਾਨ ਹਬੀਬ, ਸਤੀਸ਼ ਚੰਦਰ, ਜੇ.ਐਸ. ਗਰੇਵਾਲ, ਮੁਜ਼ੱਫਰ


© Copyright @ Authors

ਆਲਮ, ਸਰਦਾਰ ਕਪੂਰ ਸਿੰਘ ਅਤੇ ਡਾ. ਗੰਡਾ ਸਿੰਘ ਵਰਗੇ ਵਿਦਵਾਨਾਂ ਦੁਆਰਾ ਖੇਤਰੀ ਰਾਜਨੀਤੀ ਅਤੇ ਮੁਗਲ ਬਿਰਤਾਂਤਾਂ ਦੇ ਤਰਕਪੂਰਨ ਖੰਡਨ ਨੂੰ ਅਧਾਰ ਬਣਾਇਆ ਗਿਆ ਹੈ। ਗੁਰੂ ਸਾਹਿਬ ਦੀ ਸ਼ਹਾਦਤ ਦੇ ਰਾਜਨੀਤਿਕ ਕਾਰਣਾਂ ਦਾ ਵਿਸ਼ਲੇਸ਼ਣਾਤਮਕ ਵਰਨਣ ਹੇਠ ਲਿਖੇ ਅਨੁਸਾਰ ਹੈ:

ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ ਅਧਿਆਤਮਿਕ ਅੰਦੋਲਨ, ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਇੱਕ ਮਜ਼ਬੂਤ ਸਮਾਜਿਕ ਅਤੇ ਰਾਜਨੀਤਿਕ ਇਕਾਈ ਬਣ ਚੁੱਕਾ ਸੀ। ਜੇ.ਐਸ. ਗਰੇਵਾਲ *The Sikhs of the Punjab* ਵਿੱਚ ਇਸ ਵਿਕਾਸ ਦੇ ਪੜਾਵਾਂ ਦਾ ਬਾਰੀਕੀ ਨਾਲ ਜ਼ਿਕਰ ਕਰਦੇ ਹਨ।[3] ਜੇ.ਡੀ. ਕਨਿੰਘਮ ਨੇ ਆਪਣੀ ਪੁਸਤਕ *History of the Sikhs (1849)* ਵਿੱਚ ਸਿੱਖ ਪੰਥ ਨੂੰ "ਰਾਜ ਦੇ ਅੰਦਰ ਰਾਜ" ਕਿਹਾ ਹੈ।[4] ਇਹ ਵਾਕੰਸ਼ ਉਸ ਸਮੇਂ ਦੀ ਰਾਜਨੀਤਿਕ ਹਕੀਕਤ ਨੂੰ ਦਰਸਾਉਂਦਾ ਹੈ ਜਿਸ ਕਾਰਨ ਮੁਗਲ ਸੱਤਾ ਸਿੱਖਾਂ ਤੋਂ ਖਤਰਾ ਮਹਿਸੂਸ ਕਰਨ ਲੱਗ ਪਈ ਸੀ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਸਿੱਖ ਪੰਥ ਕੋਲ ਆਪਣਾ ਇੱਕ ਸੁਤੰਤਰ ਅਤੇ ਸੰਗਠਿਤ ਢਾਂਚਾ ਮੌਜੂਦ ਸੀ, ਜੋ ਮੁਗਲ ਰਾਜ ਦੇ ਢਾਂਚੇ ਦੇ ਸਮਾਨਾਂਤਰ ਚੱਲ ਰਿਹਾ ਸੀ। ਗੁਰੂ ਸਾਹਿਬ ਨੇ ਕਹਿਲੂਰ ਦੇ ਰਾਜੇ ਤੋਂ ਜ਼ਮੀਨ ਖਰੀਦ ਕੇ ਚੱਕ ਨਾਨਕੀ (ਬਾਅਦ ਵਿੱਚ ਆਨੰਦਪੁਰ ਸਾਹਿਬ) ਦੀ ਸਥਾਪਨਾ ਕੀਤੀ। ਇਹ ਕੇਵਲ ਇੱਕ ਧਾਰਮਿਕ ਕੇਂਦਰ ਨਹੀਂ ਸੀ, ਸਗੋਂ ਪਹਾੜੀ ਰਾਜਿਆਂ ਦੇ ਇਲਾਕੇ ਵਿੱਚ ਇੱਕ ਖੁਦਮੁਖਤਿਆਰ ਖੇਤਰ ਵਾਂਗ ਕੰਮ ਕਰ ਰਿਹਾ ਸੀ, ਜਿੱਥੇ ਗੁਰੂ ਸਾਹਿਬ ਦਾ ਹੁਕਮ ਚੱਲਦਾ ਸੀ।ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਿਤ ਮਸੰਦ ਪ੍ਰਣਾਲੀ ਅਤੇ ਦਸਵੰਧ ਰਾਹੀਂ ਗੁਰੂ ਘਰ ਕੋਲ ਨਿਯਮਤ ਆਮਦਨ ਆਉਂਦੀ ਸੀ। ਇਹ ਮੁਗਲ ਟੈਕਸ ਪ੍ਰਣਾਲੀ ਦੇ ਸਮਾਨਾਂਤਰ ਇੱਕ ਵਿਵਸਥਾ ਸੀ। ਮੁਗਲ ਅਧਿਕਾਰੀ ਇਸਨੂੰ ਪਸੰਦ ਨਹੀਂ ਕਰਦੇ ਸਨ ਕਿਉਂਕਿ ਲੋਕ ਸਰਕਾਰੀ ਟੈਕਸ ਦੇਣ ਤੋਂ ਕਤਰਾਉਂਦੇ ਸਨ ਪਰ ਗੁਰੂ ਘਰ ਨੂੰ ਖੁਸ਼ੀ ਨਾਲ ਮਾਇਆ ਭੇਟ ਕਰਦੇ ਸਨ। ਸਤੀਸ਼ ਚੰਦਰ ਨੋਟ ਕਰਦੇ ਹਨ ਕਿ ਮੁਗਲ ਰਾਜ ਲਈ ਇਹ ਇੱਕ ਆਰਥਿਕ ਚੁਣੌਤੀ ਸੀ।[5]

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ ਸਿੱਖਾਂ ਨੇ ਸ਼ਸਤਰ ਧਾਰਨ ਕਰਨੇ ਸ਼ੁਰੂ ਕਰ ਦਿੱਤੇ ਸਨ। ਗੁਰੂ ਤੇਗ ਬਹਾਦਰ ਜੀ, ਜੋ ਖੁਦ ਕਰਤਾਰਪੁਰ ਦੀ ਜੰਗ (1635) ਦੇ ਯੋਧੇ ਸਨ, ਆਪਣੇ ਨਾਲ ਹਥਿਆਰਬੰਦ ਸਿੱਖਾਂ ਦਾ ਇੱਕ ਦਸਤਾ ਰੱਖਦੇ ਸਨ। ਉਹ ਸ਼ਿਕਾਰ ਖੇਡਦੇ ਸਨ, ਜੋ ਕਿ ਉਸ ਸਮੇਂ ਸਿਰਫ ਰਾਜਿਆਂ ਅਤੇ ਅਮੀਰਾਂ ਦਾ ਵਿਸ਼ੇਸ਼ ਅਧਿਕਾਰ ਮੰਨਿਆ ਜਾਂਦਾ ਸੀ। ਗੁਰੂ ਸਾਹਿਬ ਦੇ ਦਰਬਾਰ ਵਿੱਚ ਕਲਗੀ ਲਗਾਉਣਾ ਅਤੇ ਨਗਾਰਾ ਵਜਾਉਣਾ ਵਰਗੀਆਂ ਰਵਾਇਤਾਂ ਮੁਗਲ ਬਾਦਸ਼ਾਹ ਦੇ ਬਰਾਬਰ ਆਪਣੀ ਪ੍ਰਭੂਸੱਤਾ ਦਾ ਪ੍ਰਗਟਾਵਾ ਸਨ।

ਸਿੱਖ ਆਪਣੇ ਗੁਰੂ ਨੂੰ ਸੱਚਾ ਪਾਤਸ਼ਾਹ ਕਹਿ ਕੇ ਸੰਬੋਧਨ ਕਰਦੇ ਸਨ। ਆਮ ਨਜ਼ਰੀਏ ਤੋਂ ਇਹ ਇੱਕ ਅਧਿਆਤਮਿਕ ਉਪਾਧੀ ਸੀ, ਪਰ ਰਾਜਨੀਤਿਕ ਨਜ਼ਰੀਏ ਤੋਂ ਇਸਦਾ ਅਰਥ ਬਹੁਤ ਡੂੰਘਾ ਸੀ। ਇਸਦਾ ਭਾਵ ਸੀ ਕਿ ਦੁਨਿਆਵੀ ਬਾਦਸ਼ਾਹ (ਔਰੰਗਜ਼ੇਬ) "ਝੂਠਾ" ਜਾਂ ਨਾਸ਼ਵਾਨ ਹੈ ਅਤੇ ਉਸਦੀ ਸੱਤਾ ਅਸਥਾਈ ਹੈ, ਜਦਕਿ ਗੁਰੂ ਦੀ ਸੱਤਾ ਸਦੀਵੀ, ਸੱਚੀ ਅਤੇ ਰੱਬੀ ਹੈ। ਵਿਲੀਅਮ ਅਰਵਿਨ *The Later Mughals* ਵਿੱਚ ਲਿਖਦੇ ਹਨ ਕਿ ਇਹ ਉਪਾਧੀ ਮੁਗਲ ਬਾਦਸ਼ਾਹ ਲਈ ਇੱਕ ਸਿੱਧੀ ਚੁਣੌਤੀ ਸੀ।[6] ਔਰੰਗਜ਼ੇਬ, ਜੋ ਕਿ ਕੱਟੜ ਸੁੰਨੀ ਵਿਚਾਰਧਾਰਾ ਦਾ ਧਾਰਨੀ ਸੀ ਅਤੇ ਆਪਣੇ ਆਪ ਨੂੰ 'ਜ਼ਿੱਲ-ਏ-ਇਲਾਹੀ' (ਰੱਬ ਦਾ ਪਰਛਾਵਾਂ) ਮੰਨਦਾ ਸੀ, ਕਿਸੇ ਹੋਰ ਵਿਅਕਤੀ ਲਈ 'ਪਾਤਸ਼ਾਹ' ਸ਼ਬਦ ਦੀ ਵਰਤੋਂ ਬਰਦਾਸ਼ਤ ਨਹੀਂ ਕਰ ਸਕਦਾ ਸੀ। ਮੁਗਲ ਸਿਧਾਂਤ ਅਨੁਸਾਰ, ਪ੍ਰਭੂਸੱਤਾ ਵੰਡੀ ਨਹੀਂ ਜਾ ਸਕਦੀ। ਇਸ ਲਈ, ਗੁਰੂ ਸਾਹਿਬ ਦਾ ਵਧਦਾ ਪ੍ਰਭਾਵ ਅਤੇ "ਸੱਚਾ ਪਾਤਸ਼ਾਹ" ਕਹਾਉਣਾ ਔਰੰਗਜ਼ੇਬ ਦੀਆਂ ਨਜ਼ਰਾਂ ਵਿੱਚ ਰਾਜਧ੍ਰੋਹ ਦੇ ਬਰਾਬਰ ਸੀ।

ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਉਹਨਾਂ ਦੀਆਂ ਯਾਤਰਾਵਾਂ ਉਹਨਾਂ ਦੇ ਵਿਸ਼ਾਲ ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵ ਨੂੰ ਦਰਸਾਉਂਦੀਆਂ ਹਨ। ਉਹ ਸਿਰਫ ਪੂਜਾ-ਪਾਠ ਕਰਨ ਵਾਲੇ ਸੰਤ ਨਹੀਂ ਸਨ, ਸਗੋਂ ਇੱਕ ਗਤੀਸ਼ੀਲ ਆਗੂ ਸਨ ਜਿਨ੍ਹਾਂ ਨੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ। ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ ਸਾਲਾਂ ਵਿੱਚ ਮਾਲਵਾ ਅਤੇ ਬਾਂਗਰ ਦੇ ਪਿੰਡਾਂ ਦਾ ਵਿਆਪਕ ਦੌਰਾ ਕੀਤਾ। ਇਹ ਦੌਰੇ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਸਨ ਅਤੇ ਮੁਗਲ ਸੱਤਾ ਲਈ ਚਿੰਤਾ ਦਾ ਵਿਸ਼ਾ ਬਣੇ।

ਭੱਟ ਵਹੀਆਂ ਅਤੇ ਸਿੱਖ ਇਤਿਹਾਸ ਅਨੁਸਾਰ, ਗੁਰੂ ਸਾਹਿਬ ਨੇ ਧਮਤਾਨ, ਕੈਥਲ, ਜੀਂਦ, ਸਮਾਓ, ਭੀਖੀ, ਅਤੇ ਤਲਵੰਡੀ ਸਾਬੋ ਵਰਗੇ ਕਈ ਪਿੰਡਾਂ ਦਾ ਦੌਰਾ ਕੀਤਾ। ਇਹ ਖੇਤਰ ਪਾਣੀ ਦੀ ਕਮੀ, ਸੋਕੇ ਅਤੇ ਆਰਥਿਕ ਤੰਗੀ ਨਾਲ ਜੂਝ ਰਿਹਾ ਸੀ। ਗੁਰੂ ਸਾਹਿਬ ਨੇ ਇੱਥੇ ਜਲ ਸਰੋਤ, ਲੰਗਰ ਅਤੇ ਖੇਤੀ ਲਈ ਪਸ਼ੂ ਮੁੱਹਈਆ ਕਰਵਾਉਣ ਲਈ ਆਰਥਿਕ ਸਹਾਇਤਾ ਵਰਗੇ ਲੋਕ ਭਲਾਈ ਦੇ ਕਾਰਜ ਕੀਤੇ। ਇਹਨਾਂ ਕਾਰਜਾਂ ਨੇ ਸਥਾਨਕ ਜੱਟ ਕਿਸਾਨੀ ਨੂੰ ਗੁਰੂ ਸਾਹਿਬ ਨਾਲ ਭਾਵਨਾਤਮਕ ਅਤੇ ਵਿਚਾਰਧਾਰਕ ਤੌਰ 'ਤੇ ਜੋੜ ਦਿੱਤਾ। ਇਰਫਾਨ ਹਬੀਬ ਲਿੱਖਦੇ ਹਨ ਕਿ ਜੱਟ ਇੱਕ ਜੁਝਾਰੂ ਅਤੇ ਮਿਹਨਤੀ ਕੌਮ ਸੀ, ਅਤੇ ਜਦੋਂ ਉਹ ਸਿੱਖੀ ਦੇ ਅਨੁਸ਼ਾਸਨ ਅਤੇ ਜਥੇਬੰਦੀ ਵਿੱਚ ਬੱਝ ਗਏ, ਤਾਂ ਉਹ ਮੁਗਲ ਸੱਤਾ ਲਈ ਇੱਕ ਵੱਡਾ ਖਤਰਾ ਬਣ ਗਏ।[7]


© Copyright @ Authors

ਗੁਰੂ ਸਾਹਿਬ ਦਾ ਸੰਦੇਸ਼ "*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ*" (ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ) ਨੇ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਵਿੱਚ ਨਿਡਰਤਾ ਅਤੇ ਸਵੈ-ਮਾਣ ਭਰ ਦਿੱਤਾ। ਮੁਗਲ ਖੁਫੀਆ ਰਿਪੋਰਟਾਂ ਵਿੱਚ ਇਸ ਜਨ-ਸੰਪਰਕ ਮੁਹਿੰਮ ਨੂੰ ਫੌਜੀ ਲਾਮਬੰਦੀ ਵਜੋਂ ਦਰਜ ਕੀਤਾ ਗਿਆ। ਮੁਗਲ ਪ੍ਰਸ਼ਾਸਨ ਲਈ ਇਹ ਗੱਲ ਸਭ ਤੋਂ ਵੱਧ ਚਿੰਤਾਜਨਕ ਸੀ ਕਿ ਲੋਕ ਆਪਣੇ ਝਗੜੇ ਨਿਪਟਾਉਣ ਲਈ ਮੁਗਲ ਅਦਾਲਤਾਂ (ਕਾਜ਼ੀਆਂ) ਕੋਲ ਜਾਣ ਦੀ ਬਜਾਏ ਗੁਰੂ ਸਾਹਿਬ ਕੋਲ ਆਉਣ ਲੱਗੇ ਸਨ। ਗੁਰੂ ਸਾਹਿਬ ਦਾ ਦਰਬਾਰ ਇੱਕ ਸਮਾਨਾਂਤਰ ਅਦਾਲਤ ਬਣ ਗਿਆ ਸੀ, ਜੋ ਰਾਜ ਦੀ ਨਿਆਂ ਪ੍ਰਣਾਲੀ ਨੂੰ ਚੁਣੌਤੀ ਦੇ ਰਿਹਾ ਸੀ। ਸਤੀਸ਼ ਚੰਦਰ ਮੰਨਦੇ ਹਨ ਕਿ ਔਰੰਗਜ਼ੇਬ ਲਈ ਕਿਸੇ ਧਾਰਮਿਕ ਆਗੂ ਦਾ ਇੰਨਾ ਜ਼ਿਆਦਾ ਸਿਆਸੀ ਅਤੇ ਸਮਾਜਿਕ ਪ੍ਰਭਾਵ ਹੋਣਾ ਅਸਹਿਣਯੋਗ ਸੀ, ਖਾਸ ਕਰਕੇ ਦਿੱਲੀ ਦੇ ਇੰਨਾ ਨੇੜੇ।[8]

ਕਰਤਾਰਪੁਰ ਦੀ ਜੰਗ (1635) ਵਿੱਚ ਆਪਣੀ ਬਹਾਦਰੀ ਦਿਖਾਉਣ ਤੋਂ ਬਾਅਦ ਉਹਨਾਂ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਪਿਆ। ਗੁਰਗੱਦੀ ਸੰਭਾਲਣ ਤੋਂ ਬਾਅਦ ਉਹਨਾਂ ਨੇ ਪੂਰਬੀ ਭਾਰਤ (ਪਟਨਾ, ਢਾਕਾ, ਅਸਾਮ) ਦਾ ਲੰਬਾ ਦੌਰਾ ਕੀਤਾ। ਇਸ ਦੌਰਾਨ ਉਹਨਾਂ ਨੇ ਰਾਜਾ ਰਾਮ ਸਿੰਘ (ਜੋ ਔਰੰਗਜ਼ੇਬ ਦਾ ਜਰਨੈਲ ਸੀ) ਅਤੇ ਅਹੋਮ ਰਾਜਾ ਚੱਕਰਧਵਜ ਸਿੰਘ ਵਿਚਕਾਰ ਸ਼ਾਂਤੀ ਸਮਝੌਤਾ ਕਰਵਾਉਣ ਵਿੱਚ ਅਹਿਮ ਕੂਟਨੀਤਿਕ ਭੂਮਿਕਾ ਨਿਭਾਈ। ਇਹ ਘਟਨਾ ਸਾਬਤ ਕਰਦੀ ਹੈ ਕਿ ਗੁਰੂ ਸਾਹਿਬ ਦਾ ਪ੍ਰਭਾਵ ਰਾਜਨੀਤਿਕ ਹਲਕਿਆਂ ਵਿੱਚ ਵੀ ਸੀ ਅਤੇ ਉਹ ਵਿਵਾਦਾਂ ਨੂੰ ਸੁਲਝਾਉਣ ਦੀ ਸਮਰੱਥਾ ਰੱਖਦੇ ਸਨ।

ਮੁਗਲ ਸਾਮਰਾਜ ਦੀ ਨੀਂਹ ਬਾਬਰ ਨੇ ਰੱਖੀ ਸੀ ਅਤੇ ਅਕਬਰ ਨੇ 'ਸੁਲਹ-ਏ-ਕੁੱਲ' (ਸਾਰਿਆਂ ਨਾਲ ਸ਼ਾਂਤੀ) ਦੀ ਨੀਤੀ ਰਾਹੀਂ ਇਸਨੂੰ ਮਜ਼ਬੂਤ ਕੀਤਾ ਸੀ। ਪਰੰਤੂ, ਔਰੰਗਜ਼ੇਬ ਦਾ ਸ਼ਾਸਨਕਾਲ ਇਸ ਨੀਤੀ ਤੋਂ ਪੂਰਨ ਤੌਰ 'ਤੇ ਵੱਖਰਾ ਸੀ। ਔਰੰਗਜ਼ੇਬ ਨਕਸ਼ਬੰਦੀ ਸੂਫ਼ੀ ਸਿਲਸਿਲੇ, ਖਾਸ ਕਰਕੇ ਸ਼ੇਖ ਅਹਿਮਦ ਸਰਹਿੰਦੀ (ਮੁਜੱਦਿਦ ਅਲਫ਼ ਸਾਨੀ) ਦੀਆਂ ਸਿੱਖਿਆਵਾਂ ਤੋਂ ਡੂੰਘਾ ਪ੍ਰਭਾਵਿਤ ਸੀ । ਨਕਸ਼ਬੰਦੀ ਵਿਚਾਰਧਾਰਾ ਅਨੁਸਾਰ, ਇਸਲਾਮ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਸ਼ਰੀਅਤ ਦੀ ਸਖਤ ਪਾਲਣਾ ਜ਼ਰੂਰੀ ਸੀ ਅਤੇ ਗੈਰ-ਮੁਸਲਿਮਾਂ (ਜ਼ਿੰਮੀਆਂ) ਨੂੰ ਰਾਜ ਵਿੱਚ ਬਰਾਬਰ ਦਾ ਦਰਜਾ ਦੇਣਾ ਇਸਲਾਮ ਦੇ ਵਿਰੁੱਧ ਮੰਨਿਆ ਜਾਂਦਾ ਸੀ। ਔਰੰਗਜ਼ੇਬ ਦਾ ਮੰਨਣਾ ਸੀ ਕਿ ਭਾਰਤ, ਜਿੱਥੇ ਕਾਫ਼ਿਰਾਂ (ਗੈਰ-ਮੁਸਲਿਮਾਂ) ਦੀ ਬਹੁਗਿਣਤੀ ਹੈ, ਇੱਕ 'ਦਾਰ-ਉਲ-ਹਰਬ' ਹੈ। ਇੱਕ ਸੱਚੇ ਮੁਸਲਿਮ ਸ਼ਾਸਕ ਵਜੋਂ, ਉਸਦਾ ਫਰਜ਼ ਸੀ ਕਿ ਉਹ ਰਾਜ ਦੀ ਤਾਕਤ ਵਰਤ ਕੇ ਇਸਨੂੰ 'ਦਾਰ-ਉਲ-ਇਸਲਾਮ' ਵਿੱਚ ਬਦਲੇ, ਇਸ ਪਰਿਵਰਤਨ ਦਾ ਅਰਥ ਕੇਵਲ ਧਰਮ ਪਰਿਵਰਤਨ ਨਹੀਂ ਸੀ, ਸਗੋਂ ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਢਾਂਚੇ ਦਾ ਪੂਰਨ ਇਸਲਾਮੀਕਰਨ ਸੀ।

ਗੁਰੂ ਸਾਹਿਬ ਦੀ ਸ਼ਹਾਦਤ ਦਾ ਤਤਕਾਲੀ ਅਤੇ ਸਭ ਤੋਂ ਨਿਰਣਾਇਕ ਕਾਰਨ ਕਸ਼ਮੀਰੀ ਪੰਡਤਾਂ ਦੀ ਸਹਾਇਤਾ ਲਈ ਅੱਗੇ ਆਉਣਾ ਸੀ। ਇਹ ਘਟਨਾ ਰਾਜਨੀਤਿਕ ਤੌਰ 'ਤੇ ਸਭ ਤੋਂ ਵੱਧ ਨਿਰਣਾਇਕ ਸਾਬਤ ਹੋਈ ਕਿਉਂਕਿ ਇਸਨੇ ਸਿੱਧੇ ਤੌਰ 'ਤੇ ਔਰੰਗਜ਼ੇਬ ਦੀ ਕੇਂਦਰੀ ਧਾਰਮਿਕ ਨੀਤੀ ਨੂੰ ਵੰਗਾਰਿਆ। 1671 ਤੋਂ 1675 ਤੱਕ ਕਸ਼ਮੀਰ ਦਾ ਮੁਗਲ ਗਵਰਨਰ ਇਫਤਿਖਾਰ ਖਾਨ ਸੀ। ਫਾਰਸੀ ਸਰੋਤਾਂ ਅਤੇ ਸਿੱਖ ਰਵਾਇਤਾਂ ਅਨੁਸਾਰ, ਉਹ ਔਰੰਗਜ਼ੇਬ ਦੀ ਕੱਟੜ ਨੀਤੀ ਨੂੰ ਬਹੁਤ ਜੋਸ਼ ਨਾਲ ਲਾਗੂ ਕਰ ਰਿਹਾ ਸੀ। ਉਸਦਾ ਨਿਸ਼ਾਨਾ ਹਿੰਦੂਆਂ, ਖਾਸ ਕਰਕੇ ਬ੍ਰਾਹਮਣਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਸੀ। ਤਰਕ ਇਹ ਸੀ ਕਿ ਜੇਕਰ ਬ੍ਰਾਹਮਣ ਇਸਲਾਮ ਕਬੂਲ ਕਰ ਲੈਣ, ਤਾਂ ਆਮ ਜਨਤਾ ਬਿਨਾਂ ਕਿਸੇ ਵਿਰੋਧ ਦੇ ਉਹਨਾਂ ਦੇ ਪਿੱਛੇ ਚੱਲ ਪਵੇਗੀ। ਇਸ ਅੱਤਿਆਚਾਰ ਤੋਂ ਤੰਗ ਆ ਕੇ, ਕਸ਼ਮੀਰੀ ਪੰਡਤਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲੈਣ ਦਾ ਫੈਸਲਾ ਕੀਤਾ। 25 ਮਈ 1675 ਨੂੰ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ 16 ਕਸ਼ਮੀਰੀ ਬ੍ਰਾਹਮਣਾਂ ਦਾ ਇੱਕ ਵਫ਼ਦ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਬਾਰ ਵਿੱਚ ਪਹੁੰਚਿਆ। ਗੁਰੂ ਸਾਹਿਬ ਨੇ ਉਹਨਾਂ ਦੀ ਦਰਦ ਭਰੀ ਫਰਿਆਦ ਸੁਣ ਕੇ ਅਤੇ ਆਪਣੇ ਨੌਂ ਸਾਲ ਦੇ ਸਪੁੱਤਰ ਗੋਬਿੰਦ ਰਾਏ ਦੇ ਹੌਂਸਲੇ ਭਰੇ ਸ਼ਬਦਾਂ ਤੋਂ ਪ੍ਰੇਰਿਤ ਹੋ ਕੇ, ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਹਿਤ 'ਢਾਲ' ਬਣਨ ਦਾ ਫੈਸਲਾ ਕੀਤਾ। ਉਹਨਾਂ ਨੇ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਨੂੰ ਇਹ ਸੁਨੇਹਾ ਭੇਜ ਦੇਣ ਕਿ "ਜੇਕਰ ਗੁਰੂ ਤੇਗ ਬਹਾਦਰ ਇਸਲਾਮ ਕਬੂਲ ਕਰ ਲੈਣ, ਤਾਂ ਅਸੀਂ ਸਾਰੇ ਬਿਨਾਂ ਸ਼ਰਤ ਮੁਸਲਮਾਨ ਹੋ ਜਾਵਾਂਗੇ।"

ਗੁਰੂ ਸਾਹਿਬ ਦਾ ਇਹ ਕਦਮ ਔਰੰਗਜ਼ੇਬ ਲਈ ਇੱਕ ਸਿੱਧੀ ਰਾਜਨੀਤਿਕ ਵੰਗਾਰ ਸੀ। ਜੇ. ਐਸ. ਗਰੇਵਾਲ ਅਨੁਸਾਰ, ਗੁਰੂ ਸਾਹਿਬ ਨੇ ਇਸ ਕਾਰਜ ਰਾਹੀਂ ਨੈਤਿਕ ਪ੍ਰਭੂਸੱਤਾ ਦਾ ਦਾਅਵਾ ਕੀਤਾ।[9] ਮੁਗਲ ਰਾਜਨੀਤਿਕ ਸਿਧਾਂਤ ਅਨੁਸਾਰ, ਬਾਦਸ਼ਾਹ ਪਰਜਾ ਦਾ ਰੱਖਿਅਕ ਹੁੰਦਾ ਹੈ। ਪਰ ਜਦੋਂ ਸਮੇਂ ਦਾ ਹਾਕਮ ਆਪਣੇ ਰਾਜ-ਧਰਮ ਤੋਂ ਭਟਕ ਕੇ ਅੱਤਿਆਚਾਰੀ ਹੋ ਨਿਬੜਿਆ, ਤਾਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਮਨੁੱਖਤਾ ਦੀ ਢਾਲ ਬਣ ਕੇ ਪਰਜਾ ਦੀ ਸਾਰ ਲਈ। ਕਵੀ ਸੈਨਾਪਤਿ ਨੇ ਆਪਣੀ ਰਚਨਾ '*ਸ੍ਰੀ ਗੁਰ ਸੋਭਾ*' ਵਿੱਚ ਇਸ ਲਾਸਾਨੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਲਿਖਿਆ ਹੈ "*ਪ੍ਰਗਟ ਭਏ ਗੁਰ ਤੇਗ ਬਹਾਦੁਰ। ਸਗਲ ਸ੍ਰਿਸਟਿ ਪੈ ਢਾਪੀ ਚਾਦੁਰ।*"[10] ਗੁਰੂ ਸਾਹਿਬ ਦੁਆਰਾ 'ਸ੍ਰਿਸ਼ਟਿ ਦੀ ਚਾਦਰ' ਵਜੋਂ ਨਿਭਾਈ ਗਈ ਇਸ ਇਤਿਹਾਸਕ ਭੂਮਿਕਾ ਨੇ ਮੁਗਲ ਬਾਦਸ਼ਾਹ ਦੀ ਕਾਨੂੰਨੀ ਵੈਧਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਦ ਕਰ ਦਿੱਤਾ। ਸਤੀਸ਼ ਚੰਦਰ ਮੰਨਦੇ ਹਨ ਕਿ ਔਰੰਗਜ਼ੇਬ ਲਈ ਇਹ ਕੇਵਲ ਧਾਰਮਿਕ ਮਸਲਾ ਨਹੀਂ ਸੀ, ਸਗੋਂ ਰਾਜ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਅਤੇ ਬਗਾਵਤ ਲਈ ਉਕਸਾਉਣਾ ਸੀ, ਜਿਸਨੂੰ ਕੋਈ ਵੀ ਤਾਨਾਸ਼ਾਹ ਸ਼ਾਸਕ ਬਰਦਾਸ਼ਤ ਨਹੀਂ ਕਰ ਸਕਦਾ ਸੀ।[11]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਉਪਰੋਕਤ ਤੱਥਾਂ ਅਤੇ ਇਤਿਹਾਸਕ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕੇਵਲ ਇੱਕ ਧਾਰਮਿਕ ਕੱਟੜਤਾ ਦਾ ਨਤੀਜਾ ਨਹੀਂ ਸੀ, ਸਗੋਂ ਇਸਦੇ ਪਿੱਛੇ ਡੂੰਘੇ ਅਤੇ ਗੁੰਝਲਦਾਰ ਰਾਜਨੀਤਿਕ ਕਾਰਨ ਮੌਜੂਦ ਸਨ। ਔਰੰਗਜ਼ੇਬ, ਜੋ ਕਿ ਇੱਕ ਕੇਂਦਰੀਕ੍ਰਿਤ ਅਤੇ ਇਕਸਾਰ ਸਾਮਰਾਜ ਬਣਾਉਣਾ ਚਾਹੁੰਦਾ ਸੀ, ਗੁਰੂ ਸਾਹਿਬ ਦੇ ਵਧਦੇ ਪ੍ਰਭਾਵ, 'ਸੱਚੇ ਪਾਤਸ਼ਾਹ' ਦੀ ਉਪਾਧੀ, ਅਤੇ 'ਰਾਜ ਦੇ ਅੰਦਰ ਰਾਜ' ਵਰਗੀ ਸਥਿਤੀ ਨੂੰ ਆਪਣੀ ਸੱਤਾ ਲਈ ਸਿੱਧੀ ਚੁਣੌਤੀ ਮੰਨਦਾ ਸੀ। ਗੁਰੂ ਸਾਹਿਬ ਦੁਆਰਾ ਮਾਲਵਾ ਖੇਤਰ ਵਿੱਚ ਕਿਸਾਨੀ ਨੂੰ ਲਾਮਬੰਦ ਕਰਨਾ ਅਤੇ ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ 'ਮਨੁੱਖੀ ਅਧਿਕਾਰਾਂ' ਦੀ ਢਾਲ ਬਣਨਾ ਮੁਗਲ ਸਲਤਨਤ ਦੀ ਨੈਤਿਕ ਪ੍ਰਭੂਸੱਤਾ ਉੱਤੇ ਇੱਕ ਕਰਾਰੀ ਸੱਟ ਸੀ। ਇਸ ਤਰ੍ਹਾਂ, ਇਹ ਸ਼ਹਾਦਤ ਦੋ ਵਿਚਾਰਧਾਰਾਵਾਂ ਦਾ ਟਕਰਾਅ ਸੀ, ਇੱਕ ਪਾਸੇ ਔਰੰਗਜ਼ੇਬ ਦੀ ਜਬਰ ਅਤੇ ਡਰ 'ਤੇ ਅਧਾਰਿਤ ਰਾਜਨੀਤੀ ਸੀ, ਅਤੇ ਦੂਜੇ ਪਾਸੇ ਗੁਰੂ ਸਾਹਿਬ ਦਾ "*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ*" ਦਾ ਆਦਰਸ਼ ਸੀ। ਅੰਤ ਵਿੱਚ, ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਨਾ ਸਿਰਫ ਧਰਮ ਦੀ ਰੱਖਿਆ ਕੀਤੀ, ਸਗੋਂ ਭਾਰਤ ਦੇ ਰਾਜਨੀਤਿਕ ਇਤਿਹਾਸ ਵਿੱਚ ਸਵੈ-ਮਾਣ ਅਤੇ ਵਿਰੋਧ ਦੀ ਇੱਕ ਨਵੀਂ ਲਹਿਰ ਪੈਦਾ ਕੀਤੀ, ਜਿਸਨੇ ਅੱਗੇ ਚੱਲ ਕੇ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ।

**REFERENCES**


1. Geoffrey R. Elton, *The Practice of History*.
2. Kapur Singh, *Me Judice*.
3. J.S. Grewal, *The Sikhs of the Punjab*, Cambridge University Press.
4. Joseph Davey Cunningham, *A History of the Sikhs*.
5. Satish Chandra, *History of Medieval India*.
6. William Irvine, *The Later Mughals*, Vol. I.
7. Irfan Habib, *The Agrarian System of Mughal India*.
8. Satish Chandra, *Medieval India: From Sultanat to the Mughals (Vol. II)*.
9. J. S. Grewal, *The Sikhs of the Punjab*.
10. Kavi Sainapati, *Sri Gur Sobha*, Punjabi University Patiala (Ed. Ganda Singh, 1967).
11. Satish Chandra, *Parties and Politics at the Mughal Court*.
12. Chandra, S. (1999). *Medieval India: From Sultanat to the Mughals* (Vol. 2). Har-Anand Publications.
13. Chandra, S. (2007). *History of Medieval India.* Orient BlackSwan.
14. Chandra, S. (n.d.). *Parties and Politics at the Mughal Court: 1707-1740.* Aligarh Muslim University.
15. Cunningham, J. D. (1849). *A History of the Sikhs: From Origin of the Nation to the Battles of the Sutlej.* John Murray.
16. Elton, G. R. (1967). *The Practice of History.* Fontana Books; Sydney University Press.
17. Grewal, J. S. (1990). *The Sikhs of the Punjab.* Cambridge University Press.
18. Habib, I. (1963). *The Agrarian System of Mughal India: 1556–1707.* Asia Publishing House.
19. Irvine, W. (1922). *The Later Mughals* (Vol. 1). M.C. Sarkar & Sons.
20. Sainapati, K. (1967). *Sri Gur Sobha.* (G. Singh, Ed.) Punjabi University.
21. Singh, K. (2003). *Me Judice.* B Chattar singh Jiwan Singh.



© Copyright @ Authors